**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ**
**ਐਸ.ਸੀ.ਓ. ਨੰ: 104-106, ਸੈਕਟਰ 34-ਏ, ਚੰਡੀਗੜ੍ਹ**

**ਵੱਲ**

**ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)**

ਮੀਮੋ ਨੰ: ਆਈ.ਈ.ਡੀ./ਸਸਅ/2011/1373-1392 ਮਿਤੀ: ਚੰਡੀਗੜ੍ਹ, 06-01-2011

**ਵਿਸ਼ਾ : ਆਈ.ਈ.ਡੀ.ਐਸ.ਐਸ. ਅਤੇ ਸਰਵ ਸਿੱਖਿਆ ਅਭਿਆਨ ਅਧੀਨ ਬੱਚਿਆਂ ਦੀ ਫਿਜ਼ਿਉਥੈਰਪੀ ਕਰਵਾਉਣ ਸਬੰਧੀ ਹਦਾਇਤਾਂ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਇਸ ਸਬੰਧੀ ਜਿਹੜੇ ਬੱਚਿਆਂ ਨੂੰ ਫਿਜ਼ਿਉਥੈਰਪੀ ਦੀ ਲੋੜ ਹੈ, ਉਹਨਾਂ ਨੂੰ qualified Physiotherapist ਤੋਂ ਚੈੱਕ ਕਰਵਾ ਕੇ ਲੋੜੀਂਦੀ ਫਿਜ਼ਿਉਥੈਰਪੀ ਦਿਲਵਾਈ ਜਾਵੇ। ਪਹਿਲੀ visit ਤੇ ਹੀ ਬੱਚਿਆਂ ਦਾ ਕਾਰਡ ਬਣਵਾ ਦਿੱਤਾ ਜਾਵੇ ਜਿਸ ਵਿੱਚ physiotherapy ਦਾ desired outcome ਲਿਆਉਣ ਲਈ number of visits required, next date of visit ਅਤੇ exercise chart (for doing daily exercises at home) – ਇਹ ਪੂਰੀ ਸੂਚਨਾ ਦਿੱਤੀ ਗਈ ਹੋਵੇ।

3.0 ਫਿਜ਼ਿਉਥੈਰਪੀ ਕਰਨ ਉੱਤੇ ਪ੍ਰਤੀ ਵਿਜ਼ਿਟ ਲਗਭਗ ਰੁ: 50/- ਤੋਂ ਰੁ: 100/- ਤੱਕ (ਫਿਜ਼ਿਉਥੈਰਪੀ ਦੀ ਫੀਸ) ਲਈ ਖਰਚੇ ਜਾ ਸਕਦੇ ਹਨ ਅਤੇ ਬੱਚੇ ਦਾ ਇੱਕ ਗਾਰਡੀਅਨ ਸਮੇਤ ਆਉਣ ਜਾਣ ਦਾ ਕਿਰਾਇਆ ਦਿੱਤਾ ਜਾ ਸਕਦਾ ਹੈ। ਕਈ ਬੱਚਿਆਂ ਨੂੰ ਘੱਟ ਅਤੇ ਕਈਆਂ ਨੂੰ ਵੱਧ physiotherapy sittings ਦੀ ਲੋੜ ਹੁੰਦੀ ਹੈ। ਬੱਚਿਆਂ ਦੀ ਉਹਨਾਂ ਦੀ ਲੋੜ ਅਨੁਸਾਰ physiotherapy ਕਰਵਾਈ ਜਾਵੇ ਤਾਂ ਜੋ ਉਸਦੇ positive ਨਤੀਜੇ ਨਿਕਲ ਸਕਣ।

4.0 ਫਿਜ਼ਿਉਥੈਰਪੀ ਲਈ ਔਸਤਨ ਰੁ: 500/- ਪ੍ਰਤੀ ਬੱਚਾ ਖਰਚੇ ਜਾ ਸਕਦੇ ਹਨ।

5.0 ਉਪਰੋਕਤ ਹਦਾਇਤਾਂ ਆਈ.ਈ.ਡੀ.ਐਸ.ਐਸ. ਸਕੀਮ ਅਧੀਨ ਸਰਕਾਰੀ/ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਪੜ੍ਹਦੇ 9ਵੀਂ ਤੋਂ 12ਵੀਂ ਦੇ ਵਿਦਿਆਰਥੀਆਂ ਲਈ ਅਤੇ ਸਰਵ ਸਿੱਖਿਆ ਅਭਿਆਨ ਅਧੀਨ 6 ਤੋਂ 14 ਸਾਲਾਂ ਦੇ ਅਤੇ ਪਹਿਲੀ ਤੋਂ ਅੱਠਵੀਂ ਤੱਕ ਪੜ੍ਹਦੇ ਬੱਚਿਆਂ ਲਈ ਲਾਗੂ ਕੀਤੀਆਂ ਜਾਂਦੀਆਂ ਹਨ।

6.0 ਇਹ ਕੰਮ 28 ਫਰਵਰੀ, 2011 ਤੱਕ ਪੂਰਾ ਕਰਕੇ ਵਰਤੋਂ ਸਰਟੀਫਿਕੇਟ 5 ਮਾਰਚ 2011 ਤੱਕ ਮੁੱਖ ਦਫ਼ਤਰ ਵਿਖੇ ਪੁਹੰਚਾਏ ਜਾਣ।

7.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ**

ਪਿੱਠ ਅੰਕਣ ਨੰ: ਆਈ.ਈ.ਡੀ./ਸਸਅ/2011/1393-1412 ਮਿਤੀ: ਚੰਡੀਗੜ੍ਹ 06-01-2011

ਉਪਰੋਕਤ ਦਾ ਉਤਾਰਾ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ**